6340

# ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜ਼ਿਲ, ਫੇਜ਼-8, ਸਅਸ ਨਗਰ

(ਕੋਆਰਡੀਨੇਸ਼ਨ ਸੈੱਲ)

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),

ਪੰਜਾਬ ਰਾਜ ਵਿੱਚ।

2023/23890 ਸੀ-2 18/9/2023 18/9/23

ਮੀਮੋ ਨੰ. 299697/DPISE-10RDOCIRC/12/2020/2023259524

ਮਿਤੀ 15-09-2023

**ਵਿਸ਼ਾ:** **ਵਿਦਿਆਰਥੀ ਵਿਗਿਆਨ ਮੰਥਨ (VVM) -2024 ਸੰਬੰਧੀ।**

1. ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਵਿਜਨਾਨ ਭਾਰਤੀ ਇੱਕ ਸਵੈ ਸਹਾਇਤਾ ਸਮੂਹ ਹੈ ਜਿਸ ਦੀ ਅਗਵਾਈ ਨਾਮੀ ਵਿਗਿਆਨੀ ਕਰ ਰਹੇ ਹਨ। ਸੈਂਟਰਲ ਸਾਇੰਸ ਮਿਊਜ਼ੀਅਮ ਕੌਂਸਲ (NCSM), ਭਾਰਤ ਸਰਕਾਰ ਦੇ ਅਦਾਰੇ ਅਤੇ ਨੈਸ਼ਨਲ ਕੌਂਸਲ ਆਫ ਐਜੂਕੇਸ਼ਨ ਰਿਸਰਚ ਅਤੇ ਟ੍ਰੇਨਿੰਗ (NCERT) ਵਲੋਂ ਸਾਂਝੇ ਰੂਪ ਵਿੱਚ ਕੌਮਾਤਰੀ ਪ੍ਰਤਿਭਾ ਖੋਜ ਮੁਕਾਬਲਾ "ਵਿਦਿਆਰਥੀ ਵਿਗਿਆਨ ਮੰਥਨ" 2023-24 ਕਰਵਾਇਆ ਜਾ ਰਿਹਾ ਹੈ।

2. ਇਹ ਡਿਜ਼ੀਟਲ ਉਪਕਰਨਾਂ ਦੀ ਵਰਤੋਂ ਸੰਬੰਧੀ ਭਾਰਤ ਦਾ ਸਭ ਤੋਂ ਵੱਡਾ ਮੁਕਾਬਲਾ ਹੈ ਜਿਸ ਵਿੱਚ ਮੁੱਖ ਤੌਰ ਤੇ ਛੇਵੀਂ ਤੋਂ ਗਿਆਰਵ੍ਹੀਂ ਜਮਾਤ ਦੇ ਵਿਦਿਆਰਥੀ ਭਾਗ ਲੈਣਗੇ। ਇਸ ਸੰਬੰਧੀ ਤਿਆਰ ਕਿਤਾਬਚਾ ਵੀ.ਵੀ.ਐਮ 2023-24 ਨਾਲ ਨੱਥੀ ਹੈ।

3. ਵੀ.ਵੀ.ਐਮ.2023-24 ਇਸ ਸਾਲ ਵੀ ਆਨਲਾਈਨ ਖੁੱਲ੍ਹੀ ਕਿਤਾਬ ਵਿਗਿਆਨ ਤਰਤੀਬ ਤੇ ਅਧਾਰਿਤ ਹੋਵੇਗਾ, ਜਿਸ ਵਿੱਚ ਡਿਜ਼ੀਟਲ ਉਪਕਰਨਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਹਿਮਾਲਯ ਖੇਤਰ ਦੇ 18 ਵਿਦਿਦਆਰਥੀਆਂ ਲਈ ਭਾਸਕਰ ਸਕੋਲਰਸ਼ਿਪ ਅਤੇ ਜੇਤੂ 90 ਵਿਦਿਆਰਥੀਆਂ ਲਈ ਉੱਚ-ਪੱਧਰੀ ਸਿਖਲਾਈ ਪ੍ਰਦਾਨ ਕਰਨ ਲਈ ਸਵੀਜ਼ਨ ਪੁਰਸਕਾਰ ਵੀ ਵੀ.ਵੀ.ਐਮ ਵੱਲੋਂ ਪ੍ਰਦਾਨ ਕੀਤਾ ਜਾਂਦਾ ਹੈ।

4. ਇਸ ਸੰਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਬੱਚਿਆਂ ਦੇ ਵਿੱਚ ਲੁਕੀ ਪ੍ਰਤਿਭਾ ਨੂੰ ਬਾਹਰ ਕੱਢਣ ਦੇ ਲਈ ਵੀ.ਵੀ.ਐਮ ਦਾ ਪਲੇਟਫਾਰਮ ਵਰਤੋਂ ਵਿੱਚ ਲਿਆਂਦਾ ਜਾਵੇ। ਇਹ ਸਭ ਤੋਂ ਵੱਡਾ ਉਪਰਾਲਾ ਹੈ ਜਿਸ ਵਿਚ ਵਿਦਿਆਰਥੀ ਇਹ ਪ੍ਰੀਖੀਆ ਮੋਬਾਇਲ ਫੋਨ, ਲੈਪਟਾਪ, ਟੈਬਲੇਟਸ ਜਾਂ ਕੰਪਿਊਟਰ ਰਾਹੀਂ ਦੇ ਸਕਦੇ ਹਨ। ਇਸ ਸੰਬੰਧੀ ਪੰਜੀਕਰਣ http://vvm.org.in/ ਤੇ ਕੀਤਾ ਜਾ ਸਕਦਾ ਹੈ। ਪੰਜੀਕਰਣ ਦੀ ਆਖਰੀ ਤਾਰੀਖ 25 ਸਤੰਬਰ, 2023 ਹੈ।

5. ਵਿਦਿਆਰਥੀ ਵਿਗਿਆਨ ਮੰਥਨ (VVM) ਦਾ ਉਦੇਸ਼ ਸ਼ੁੱਧ ਵਿਗਿਆਨ ਵਿਚ ਦਿਲਚਸਪੀ ਪੈਦਾ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਹੈ। ਸਾਰੇ ਜੇਤੂ ਵਿਦਿਆਰਥੀਆਂ ਨੂੰ

1705 Page Avail on website-15/9/23

ਉਨ੍ਹਾਂ ਦੀ ਭਵਿੱਖ ਦੀ ਪੜ੍ਹਾਈ ਸਰਟੀਫਿਕੇਟ ਅਤੇ ਪੁਰਸਕਾਰਾਂ ਲਈ ਇੱਕ ਸਲਾਹਕਾਰ ਮਿਲੇਗਾ। ਇਹ ਪ੍ਰਿਖਿਆ ਪੂਰੀ ਤਰ੍ਹਾਂ ਡਿਜੀਟਲ ਪਲੇਟਫਾਰਮ ਤੇ ਹੈ, ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਵਿਗਿਆਨ ਦੀ ਨਵੀਂ ਦੁਨੀਆ ਵੱਲ ਲੈ ਕੇ ਜਾਵੇਗੀ।

6. ਵਧੇਰੇ ਜਾਣਕਾਰੀ ਲਈ ਡਾ. ਅਰਵਿੰਦ ਗਰਗ ਰਾਸ਼ਟਰੀ ਸਹਿ-ਕੋਆਰਡੀਨੇਟਰ (ਮੋਬਾਇਲ ਨੰ. 9915343694), ਡਾ. ਸ਼ਰਨਪ੍ਰੀਤ ਸਿੰਘ, ਸਟੇਟ ਕੋਆਰਡੀਨੇਟਰ (ਮੋਬਾਇਲ ਨੰ. 9417316878) ਅਤੇ ਸ੍ਰੀ ਰਮਨ ਚੌਹਾਨ ਸਟੇਟ ਕੋਆਰਡੀਨੇਟਰ (ਮੋਬਾਇਲ ਨੰ. 9888627489) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

7. ਇਸ ਲਈ ਆਪ ਦੇ ਅਧੀਨ ਸਕੂਲਾਂ ਨੂੰ ਭਾਰਤ ਦੀ ਸਭ ਤੋਂ ਵੱਡੀ ਵਿਗਿਆਨ ਪ੍ਰਤਿਭਾ ਖੋਜ ਵੀ.ਵੀ.ਐਮ. 2023-24 ਵਿਚ ਭਾਗ ਲੈਣ ਲਈ ਜਾਗਰੂਕ ਕੀਤਾ ਜਾਵੇ। ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ ਜਾਰੀ ਸਰਕੂਲਰ ਨਾਲ ਨੱਥੀ ਕੀਤਾ ਜਾਂਦਾ ਹੈ।

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ),
ਪੰਜਾਬ।

ਪਿੱਠ ਅੰਕਣ ਨੰ. ਉਕਤ/2023259525 ਮਿਤੀ:- 15-09-2023

ਉਪਰੋਕਤ ਦਾ ਉਤਾਰਾ ਸ੍ਰੀ ਪ੍ਰਸ਼ਾਂਤ ਕੋਡਗਿਰੇ, ਰਾਸ਼ਟਰੀ ਕਨਵੀਨਰ, ਵੀ.ਵੀ.ਐਮ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ),
ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. 2023260776
ਮਿਤੀ ਜਲੰਧਰ 18-9-2023

[illegible]

ਜ਼ਿਲ੍ਹਾ ਸਿੱਖਿਆ ਅਫਸਰ (ਸੈ)
ਜਲੰਧਰ
18/9